# ਰਾਮਚੰਦ ਕੀ ਲਸਟਿਕਾ

**ਬਿਲਾਵਲੁ ਮਹਲਾ ੫ ॥**

**ਹਰਿ ਹਰਿ ਹਰਿ ਆਰਾਧੀਐ ਹੋਈਐ ਆਰੋਗ॥**

**ਰਾਮਚੰਦ ਕੀ ਲਸਟਿਕਾ ਜਿਨਿ ਮਾਰਿਆ ਰੋਗੁ॥੧॥ਰਹਾਉ॥**

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਬਿਲਾਵਲੁ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਅੰਕ ੮੧੭ ਤੇ ਸੁਭਾਇਮਾਨ ਹੈ।

– – 'ਰਹਾਉ' ਦੀ ਪਹਿਲੀ ਪੰਕਤੀ ਵਿਚ ਮਹਾਰਾਜ ਉਪਦੇਸ਼ ਕਰਦੇ ਹਨ ਕਿ ਵਾਹਗੁਰੂ, ਅਕਾਲ ਪੁਰਖ ਦਾ ਜਾਪ (ਵਾਰ ਵਾਰ ਉਚਾਰਣ, ਭਾਵੇਂ ਜਿਹਵਾ ਕਰਕੇ ਜਾਂ ਮਨ ਕਰਕੇ) ਕਰਣ ਦੇ ਨਾਲ ਹਉਮੈ ਦਾ ਰੋਗ ਦੂਰ ਹੋ ਜਾਂਦਾ ਹੈ ਅਤੇ ਫ਼ਲਸਰੂਪ ਮਨੁਖ ਅਰੋਗ ਹੋ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਹਉਮੈ ਨੂੰ ਵਡਾ ਰੋਗ ਮੰਨਿਆਂ ਹੈ ਅਤੇ ਇਹ ਗੁਰੂ ਦੀ ਮਤ ਧਾਰਣ ਕਰਨ ਨਾਲ ਦੂਰ ਹੁੰਦਾ ਹੈ – 'ਹਉਮੈ ਰੋਗੁ ਮਹਾ ਦੁਖੁ ਲਾਗਾ ਗੁਰਮਤਿ ਲੇਵਹੁ ਰੋਗੁ ਗਇਆ॥', ਪੰਨਾ ੯੦੬. ਪੰਚਮ ਪਾਤਸ਼ਾਹ ਨੇ ਪੰਨਾ ੧੧੪੦ ਤੇ ਦਸਿਆ ਹੈ ਕਿ ਮਨੁਖ ਨੂੰ ਹਉਮੈ ਦਾ ਰੋਗ ਹੈ – 'ਹਉਮੈ ਰੋਗੁ ਮਾਨੁਖ ਕਉ ਦੀਨਾ॥'

ਤਿੰਨ ਵਾਰ 'ਹਰਿ ਹਰਿ ਹਰਿ' ਦਰਜ ਕਰਣ ਦਾ ਭਾਵ ਹੈ, ਵਾਹਗੁਰੂ ਮੰਤਰ ਦਾ ਵਾਰ ਵਾਰ ਉਚਾਰਣ ਕਰਨਾ ਜਾਂ ਜਾਪ ਕਰਨਾ।

– – ਰਹਾਉ ਦੀ ਦੂਜੀ ਪੰਕਤੀ ਦੇ ਅਰਥ ਸਮਝਣ ਤੋਂ ਪਹਿਲਾਂ 'ਰਾਮਚੰਦ ਕੀ ਲਸਟਿਕਾ' ਦੇ ਅਰਥ ਅਤੇ ਭਾਵ ਨੂੰ ਸਮਝਣਾ ਪਏਗਾ। 'ਰਾਮਚੰਦ' ਤੋਂ ਭਾਵ '**ਸ੍ਰੀ ਰਾਮ ਚੰਦਰ ਜੀ**' ਹੈ। ਉਨ੍ਹਾਂ ਦਾ ਨਾਂ ਲੈਣ ਤੋਂ ਭਾਵ ਹੈ '**ਗੁਰ-ਜੋਤਿ**', ਭਾਵ, ਪ੍ਰਭੂ ਦਾ ਸਾਕਾਰ ਰੂਪ। ਕਿਉਂਕਿ ਇਸੇ '**ਗੁਰ-ਜੋਤਿ**' ਦਾ ਹੀ ਰਾਜ ਸਦਾ ਤੋਂ ਅਟਲ ਹੈ। ਇਹ ਤਥ ਗੁਰਬਾਣੀ ਵਿਚ ਇੰਞ ਦਰਸਾਇਆ ਗਿਆ ਹੈ – 'ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥', ਪੰਨਾ ੧੩੯੦. ਉਹ **ਗੁਰ-ਜੋਤਿ** ਜੋ ਸਮੇਂ ਸਮੇਂ ਤੇ ਹਰ ਜੁਗ ਵਿਚ ਵਖ ਵਖ ਸਰੂਪ ਅਤੇ ਨਾਂ ਧਾਰ ਕੇ ਪ੍ਰਗਟ ਹੁੰਦੀ ਆਈ ਹੈ। ਬਾਵਨ, ਰਾਮ ਰਘੂਵੰਸ਼ੀ, ਕ੍ਰਿਸ਼ਨ ਮੁਰਾਰੀ ਅਤੇ ਕਲਿਜੁਗ ਵਿਚ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ...। ਉਸੇ ਦੇ ਅਟਲ ਰਾਜ ਦਾ ਫ਼ੁਰਮਾਣ ਸ੍ਰੀ ਅਕਾਲ ਪੁਰਖ ਸਾਹਿਬ ਨੇ ਆਪ ਫ਼ੁਰਮਾਇਆ ਹੋਇਆ ਹੈ – 'ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ.....' 'ਲਸਟਿਕਾ' ਦਾ ਅਰਥ ਹੈ '**ਸੋਟੀ**' ਜਾਂ '**ਲਾਠੀ**'। ਰਾਜਾ ਦੀ ਲਾਠੀ '**ਰਾਜਦੰਡ**' ਹੁੰਦੀ ਹੈ। ਇਹ ਰਾਜਦੰਡ ਦੀ ਲਾਠੀ ਰਾਜਾ ਕੋਲ ਹੀ ਹੁੰਦੀ ਹੈ ਕਿਉਂਕਿ ਉਸ ਕੋਲ ਹੀ **ਪ੍ਰਭੂ-ਸਤਾ** ਜਾਂ Sovereignty ਹੁੰਦੀ ਹੈ। ਇਹ ਪ੍ਰਭੂ-ਸਤਾ '**ਸ਼ਾਸਨ ਚਲਾਉਣ ਦੀ ਸ਼ਕਤੀ**' ਹੁੰਦੀ ਹੈ। ਸਮੂਹ ਸ੍ਰਿਸ਼ਟੀਆਂ ਦੇ ਵਿਚ **ਗੁਰ-ਜੋਤਿ** ਦਾ ਰਾਜ ਹੋਣ ਕਰਕੇ **ਰਾਜਦੰਡ ਦੀ ਲਾਠੀ** ਜਾਂ **ਪ੍ਰਭੂ-ਸਤਾ** ਵੀ ਉਸ ਕੋਲ ਹੀ ਹੈ। ਉਹ ਕਿਸੇ ਕਿਸਮ ਦਾ ਵੀ ਹੁਕਮ ਪਾਸ ਕਰਨ ਅਤੇ ਮਨਵਾਉਣ ਦੇ ਸਮਰੱਥ ਹੈ।

ਹੰਕਾਰ ਰੂਪੀ ਰੋਗ ਦਾ ਨਾਸ਼ ਵੀ ਇਸੇ ਲਾਠੀ ਨਾਲ ਹੀ ਸੰਭਵ ਹੈ, ਜਿਵੇਂ ਕਿ ਭਗਤ ਪ੍ਰਹਿਲਾਦ ਦੀ ਹਰਨਾਖ਼ਸ਼ ਤੋਂ ਰਖਿਆ, ਨਰਸਿੰਘ ਦੇ ਰੂਪ ਵਿਚ ਕੀਤੀ ਅਤੇ ਫ਼ਿਰ ਕੁਝ ਸਮੇਂ ਬਾਅਦ ਭਗਤ ਪ੍ਰਹਿਲਾਦ ਦਾ ਇਕ ਬਜ਼ੁਰਗ ਦੇ ਰੂਪ ਵਿਚ ਆ ਕੇ ਹੰਕਾਰ ਤੋੜਿਆ। ਭਗਤ ਪ੍ਰਹਿਲਾਦ ਦੇ ਲਸ਼ਕਰ ਨੂੰ ਰੁਕਣਾ ਪਿਆ ਕਿਉਂਕਿ ਰਾਹ ਵਿਚ ਇਕ ਬਜ਼ੁਰਗ ਲੇਟਿਆ ਸੀ, ਜੋ ਕਿਸੇ ਤੋਂ ਵੀ ਨਾ ਹਿਲ ਸਕਿਆ। ਭਗਤ ਪ੍ਰਹਿਲਾਦ ਜੀ ਦੇ ਆਪ ਆਉਣ ਤੇ, ਉਸ ਬਜ਼ੁਰਗ (ਜੋ ਅਸਲ ਵਿਚ **ਗੁਰ-ਜੋਤਿ** ਸੀ) ਨੇ ਆਪਣੀ ਲਾਠੀ ਚੁਕ ਕੇ ਫ਼ੜਾਉਣ ਨੂੰ ਕਿਹਾ ਜੋ ਭਗਤ ਪ੍ਰਹਿਲਾਦ ਤੋਂ ਨਾ ਚੁਕ ਹੋਈ। ਇਸ ਤਰ੍ਹਾਂ ਭਗਤ ਪ੍ਰਹਿਲਾਦ ਦਾ ਹੰਕਾਰ ਟੁਟ ਗਿਆ।

ਇਥੇ ਇਸ ਉਪਰੋਕਤ 'ਰਹਾਉ' ਦੇ ਸਮੁਚੇ ਪਦੇ ਵਿਚ ਇਹ ਗਲ ਸਪੱਸ਼ਟ ਕੀਤੀ ਗਈ ਹੈ ਕਿ ਹੰਕਾਰ ਇਕ ਬਜਰ ਵਿਕਾਰ ਹੈ ਜੋ 'ਰਾਮਚੰਦ ਕੀ ਲਸਟਿਕਾ' ਤੋਂ ਬਿਨਾ ਕਟਿਆ ਨਹੀਂ ਜਾ ਸਕਦਾ। ਜੋ ਵਿਅਕਤੀ 'ਹਰਿ ਹਰਿ ਹਰਿ', **ਵਾਹਿਗੁਰੂ ਵਾਹਿਗੁਰੂ ਵਾਹਿਗੁਰੂ...** ਨਾਮ ਜਪਦੇ ਹਨ, ਉਨ੍ਹਾਂ ਤੇ ਜਦੋਂ 'ਰਾਮਚੰਦ' ਭਾਵ '**ਗੁਰ-ਜੋਤਿ**' ਦੀ ਕਿਰਪਾ ਹੋ ਜਾਂਦੀ ਹੈ ਉਨ੍ਹਾਂ ਦਾ ਹੰਕਾਰ ਦਾ ਰੋਗ ਕਟਿਆ ਜਾਂਦਾ ਹੈ।੧।ਰਹਾਉ।

ਚੇਤੇ ਰਹੇ, ਕਲਿਜੁਗ ਦੇ ਵਿਚ '**ਗੁਰ-ਜੋਤਿ**' ਦਾ ਨਾਂ '**ਸ੍ਰੀ ਗੁਰੂ ਨਾਨਕ ਸਾਹਿਬ**' ਹੈ - '...ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥', ਪੰਨਾ ੧੩੯੦. ਜਿਸ ਦੀ ਭਗਤੀ ਤੇ ਸ੍ਰੀ ਗੁਰੂ ਨਾਨਕ ਸਾਹਿਬ ਤੁਠ ਪੈਣ, ਉਸ ਦੇ ਸਾਰੇ ਕਾਰਜ ਸਿਰੇ ਚੜ੍ਹ ਜਾਂਦੇ ਹਨ, ਹਉਮੈ ਤੇ ਫ਼ਤਹਿ ਪਾਉਣਾ ਸਭ ਤੋਂ ਵਡਾ ਕਾਰਜ ਹੈ ਕਿਉਂਕਿ ਇਹ ਜੀਵ ਦਾ ਸਭ ਤੋਂ ਪ੍ਰਬਲ ਸ਼ਤਰੂ ਹੈ ਜੋ ਗੁਰੂ ਨਾਨਕ ਦੀ ਕਿਰਪਾ ਨਾਲ ਹੀ ਫ਼ਤਹਿ ਹੋ ਸਕਦਾ ਹੈ - 'ਸਭੇ ਕਾਜ ਸੁਹੇਲੜੇ ਥੀਏ  ਗੁਰੁ ਨਾਨਕ ਸਤਿਗੁਰੁ ਤੁਠਾ॥' ਸ੍ਰੀ ਗੁਰੂ ਨਾਨਕ ਸਾਹਿਬ ਹੀ ਅਜਿਹੀ **ਪ੍ਰਭੂ-ਸਤਾ** ਦੇ ਮਾਲਕ ਹਨ, ਉਹ ਆਪ ਇਹ ਕਾਰਜ ਕਰ ਸਕਦੇ ਹਨ ਅਤੇ ਜਿਸ ਤੇ ਕਿਰਪਾ ਕਰ ਦੇਣ ਉਸ ਪਾਸੋਂ ਵੀ ਕਰਵਾ ਸਕਦੇ ਹਨ। ਆਪਣੀ ਸ਼ਕਤੀ ਬਾਰੇ ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪ ਵੀ ਫ਼ੁਰਮਾਣ ਕੀਤਾ ਹੈ ਅਤੇ ਭਾਈ ਗੁਰਦਾਸ ਜੀ ਨੇ ਵੀ ਗੁਰੂ ਨਾਨਕ ਸਾਹਿਬ ਦੇ ਮੁਖੋਂ ਫ਼ੁਰਮਾਣ ਕੀਤਾ ਹੈ - '...ਏਤਾ ਤਾਣੁ ਹੋਵੈ ਮਨ ਅੰਦਰਿ  ਕਰੀ ਭੀ ਆਖਿ ਕਰਾਈ॥', ਪੰਨਾ ੧੪੭, ਭਾਵ, '**ਮੇਰੇ ਆਪਣੇ ਅੰਦਰ ਵੀ ਇਤਨਾ ਬਲ ਹੈ ਅਤੇ ਦੂਜੇ ਤੋਂ ਕਹਿ ਕੇ ਵੀ ਕਰਵਾ ਸਕਦਾ ਹਾਂ।**' ਭਾਈ ਗੁਰਦਾਸ ਜੀ ਬਿਆਨ ਕਰਦੇ ਹਨ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਭੰਗਰਨਾਥ ਨੂੰ ਸੰਬੋਧਨ ਕਰ ਕੇ ਆਪਣੇ ਜਪੇ ਹੋਏ ਨਾਮ ਦੀ ਸ਼ਕਤੀ ਦਸਦਿਆਂ ਬਚਨ ਕੀਤੇ ਅਤੇ ਕਿਹਾ - '...ਇਹ ਬਲੁ ਰਖਾ ਆਪਿ ਵਿਚਿ  ਜਿਸੁ ਆਖਾ ਤਿਸੁ ਪਾਸਿ ਕਰਾਈ॥', ਵਾਰ ੧:੪੩, ਭਾਵ, '**ਮੈਂ ਆਪਣੇ ਵਿਚ ਵੀ ਸਾਰਾ ਬਲ ਰਖਦਾਂ ਅਤੇ ਜਿਸ ਤੋਂ ਕਹਾਂ, ਕਰਵਾ ਵੀ ਸਕਦਾਂ।**' ਸਾਰਾ ਗੁਰ -ਇਤਿਹਾਸ ਗਵਾਹ ਹੈ ਕਿ ਦਸ ਗੁਰੂ ਨਾਨਕ ਸਾਹਿਬਾਨ ਨੇ ਆਪਣੇ ਸਿਖਾਂ, ਪਿਆਰਿਆਂ ਤੋਂ ਉਹ ਉਹ ਕਾਰਜ ਕਰਵਾ ਕੇ ਆਪਣੇ ਇਹ ਬਚਨ ਸਤ ਕਰ ਕੇ ਵਿਖਾਏ। ਗੁਰ-ਜੋਤਿ ਦਾ ਇਹ ਕੰਮ ਸਦਾ ਤੋਂ ਹੀ ਰਿਹਾ ਹੈ - ਆਪਣੇ ਪਿਆਰਿਆਂ ਤੋਂ ਵਡੇ ਕਾਰਜ ਕਰਵਾ ਕੇ ਉਨ੍ਹਾਂ ਨੂੰ ਮਾਣ ਬਖ਼ਸ਼ਣਾ। ਪਰ 'ਲਸਟਿਕਾ' ਜਾਂ **ਪ੍ਰਭੂ-ਸਤਾ** ਜਾਂ Sovereignty ਤਾਂ ਹਮੇਸ਼ਾਂ ਤੋਂ **ਗੁਰ-ਜੋਤਿ** ਦੇ ਪਾਸ ਹੀ ਹੈ ਜੋ '**ਆਦਿ ਪੁਰਖ**' ਦਾ ਅਟਲ ਫ਼ੁਰਮਾਣ ਹੈ - 'ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥', ਪੰਨਾ ੧੩੯੦.

**ਗੁਰੁ ਪੂਰਾ ਹਰਿ ਜਾਪੀਐ ਨਿਤ ਕੀਚੈ ਭੋਗੁ॥**

**ਸਾਧ ਸੰਗਤਿ ਕੈ ਵਾਰਣੈ ਮਿਲਿਆ ਸੰਜੋਗੁ॥੧॥**

-- ਪੂਰੇ ਗੁਰੂ ਨੂੰ ਧਾਰਣ ਕਰਕੇ, ਉਸ ਦੀ ਛਤਰ ਛਾਇਆ ਵਿਚ ਹਰੀ ਪ੍ਰਭੂ ਦਾ ਜਾਪ ਜਪੀਏ, ਸਿਮਰਣ ਕਰੀਏ ਤਾਂ ਨਿਤ ਹੀ ਪ੍ਰਭੂ/ਗੁਰੂ ਦੇ ਮਿਲਾਪ ਦਾ ਅਨੰਦ ਪ੍ਰਾਪਤ ਹੁੰਦਾ ਰਹਿੰਦਾ ਹੈ।

-- ਉਸੇ ਪੂਰੇ ਗੁਰੂ/ਸਾਧੂ ਦੀ ਸੰਗਤਿ ਤੋਂ ਬਲਿਹਾਰ ਜਾਈਏ ਜਿਸ ਦੀ ਕਿਰਪਾ ਸਦਕਾ ਸਾਨੂੰ ਪ੍ਰਭੂ ਮਿਲਾਪ ਦਾ ਅਉਸਰ ਪ੍ਰਾਪਤ ਹੋਇਆ ਹੈ।੧।

ਪੰਜਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਕਿ ਜਦੋਂ ਤੋਂ ਸਾਧੂ ਨਾਲ ਮਿਲਾਪ ਹੋਇਆ ਹੈ, ਮੇਰੇ ਭਲੇ ਦਿਨ ਆ ਗਏ ਹਨ ਕਿਉਂਕਿ ਸਦਾ ਵਾਹਗੁਰੂ ਜਪਣ ਨਾਲ ਮਨ ਵਿਚ ਵਡਾ ਅਨੰਦ ਬਣ ਗਿਆ ਹੈ ਅਤੇ ਉਸ ਪੁਰਖ ਬਿਧਾਤਾ, ਪ੍ਰਭੂ ਨੂੰ ਪਾ ਲਿਆ ਹੈ - 'ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ॥ ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ॥', ਪੰਨਾ ੬੭੧.

**ਜਿਸੁ ਸਿਮਰਤ ਸੁਖੁ ਪਾਈਐ ਬਿਨਸੈ ਬਿਓਗੁ॥**

**ਨਾਨਕ ਪ੍ਰਭ ਸਰਣਾਗਤੀ ਕਰਣ ਕਾਰਣ ਜੋਗੁ॥੨॥੩੪॥੬੪॥**

-- ਜਿਸ ਪ੍ਰਭੂ ਦੇ ਸਿਮਰਨ ਕੀਤਿਆਂ ਪ੍ਰਭੂ ਮਿਲਾਪ ਦਾ ਸੁਖ ਪ੍ਰਾਪਤ ਹੁੰਦਾ ਹੈ ਅਤੇ ਮੁੜ ਕਦੇ ਉਸ ਤੋਂ ਵਿਛੋੜਾ ਨਹੀਂ ਹੁੰਦਾ।

ਨੌਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਉਸ ਪ੍ਰਭੂ ਦਾ ਹਿਰਦੇ ਵਿਚ ਸਦਾ ਸਿਮਰਨ ਕਰਨ ਦੇ ਨਾਲ ਵਿਜੋਗ ਰੂਪੀ ਸਾਰੇ ਸੰਕਟ ਦੂਰ ਹੋ ਜਾਂਦੇ ਹਨ ਅਤੇ ਪ੍ਰਭੂ ਦਾ ਦਰਸ਼ਨ ਹੋ ਜਾਂਦਾ ਹੈ - 'ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ॥ ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥', ਪੰਨਾ ੧੪੨੯.

-- ਪੰਜਵੇਂ ਨਾਨਕ ਉਪਦੇਸ਼ ਕਰਦੇ ਹਨ ਕਿ ਅਜਿਹੇ ਪ੍ਰਭੂ ਦੀ ਸਰਣ ਪਉ ਜੋ ਸਭ ਕੁਝ ਕਰਣ ਜੋਗ ਹੈ, ਸਰਬ ਕਲਾ ਸਮਰੱਥ ਹੈ, 'ਲਸਟਿਕਾ' ਜਾਂ **ਪ੍ਰਭੂ-ਸਤਾ** ਦਾ ਮਾਲਕ ਹੈ Sovereign ਹੈ।੨।੩੪।੬੪।

